Department of Food, Civil Supplies and Consumer Affairs Punjab, Chandigarh.
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ
AnaajBhawan, Sector 39-C, Chandigarh

ਸੇਵਾ ਵਿੱਚ **Urgent/through email only**

1. ਮੈਨੇਜਿੰਗ ਡਾਇਰੈਕਟਰ,
   ਪਨਸਪ, ਮਾਰਕਫੈਡ, ਪਨਗਰੇਨ ਅਤੇ ਵੇਅਰਹਾਊਸ,
   ਚੰਡੀਗੜ੍ਹ।
2. ਸਮੂਹ ਡਿਪਟੀ ਡਾਇਰੈਕਟਰ (ਫੀਲਡ),
   ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
   ਪੰਜਾਬ ਰਾਜ ਵਿੱਚ।
3. ਸਮੂਹ ਜਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ
   ਖਪਤਕਾਰ ਮਾਮਲੇ, ਪੰਜਾਬ ਰਾਜ ਵਿੱਚ।

ਮੀਮੋ ਨੰ: ਐਸ.ਏ.(ਬ/ਫ)ਬੀ.ਜੀ.1/5(921/964)-2021/1497
ਮਿਤੀ,ਚੰਡੀਗੜ੍ਹ: 31-12-2021

ਵਿਸ਼ਾ: **ਫਸਲੀ ਸਾਲ 2022-23 ਦੌਰਾਨ ਖੁਰਾਕ ਜਿਨਸਾਂ ਦੀ ਢੋਆ-ਢੁਆਈ ਦੇ ਕੰਮ ਸਬੰਧੀ।**

ਹਵਾਲਾ ਵਿਭਾਗ ਦਾ ਮੀਮੋ ਨੰ:ਐਸ.ਏ.(ਬ/ਫ)ਬੀ.ਜੀ.1/5(921)-2021/1444-45, ਮਿਤੀ 17-12-2021, ਉਕਤ ਵਿਸ਼ੇ ਦੇ ਸਬੰਧ ਵਿੱਚ।

2. ਸਾਲ 2020-21 ਦੌਰਾਨ ਵਿਸ਼ੇ ਅਧੀਨ ਕੰਮ ਲਈ ਜਾਰੀ ਪਾਲਿਸੀ ਹਦਾਇਤਾਂ/ਟੈਂਡਰਜ਼ ਦੀ ਮਿਆਦ ਮਿਤੀ 31-12-2021 ਤੱਕ ਹੈ। ਵਿਭਾਗ ਵੱਲੋਂ ਫਸਲੀ ਸਾਲ 2022-23 ਲਈ ਵਿਸ਼ੇ ਅਧੀਨ ਕੰਮ ਸਬੰਧੀ ਟ੍ਰਾਂਸਪੋਰਟੇਸ਼ਨ ਦੇ ਕੰਮ ਲਈ ਨਵੀਆਂ ਪਾਲਿਸੀ ਹਦਾਇਤਾਂ ਪੱਤਰ ਮਿਤੀ 16-12-2021 ਰਾਹੀਂ ਜਾਰੀ ਕਰ ਦਿੱਤੀਆਂ ਗਈਆਂ ਹਨ ਜੋ ਕਿ ਮਿਤੀ 01-01-2022 ਤੋਂ ਲਾਗੂ ਹੋਣਗੀਆਂ।

3. ਉਕਤ ਪਾਲਿਸੀ ਹਦਾਇਤਾਂ ਅਨੁਸਾਰ ਟੈਂਡਰਜ਼ ਕਾੱਲ ਕਰਨ ਅਤੇ ਮੁਕੰਮਲ ਕਰਨ ਸਬੰਧੀ ਵਿਭਾਗ ਵੱਲੋਂ ਵਿਸਥਾਰ ਪੂਰਵਕ ਸਮੇਂ ਸਾਰਣੀ ਹਵਾਲੇ ਅਧੀਨ ਪੱਤਰ ਰਾਹੀਂ ਜਾਰੀ ਕਰ ਦਿੱਤੀ ਗਈ ਸੀ, ਜਿਸ ਅਨੁਸਾਰ ਮਿਤੀ 01-01-2022 ਤੋਂ ਨਵੇਂ ਟੈਂਡਰਕਾਰਾਂ ਰਾਹੀਂ ਟ੍ਰਾਂਸਪੋਰਟੇਸ਼ਨ ਦਾ ਕੰਮ ਕਰਵਾਇਆ ਜਾਣਾ ਹੈ।

4. ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਟ੍ਰਾਂਸਪੋਰਟੇਸ਼ਨ ਦੇ ਟੈਂਡਰਜ਼ ਨੂੰ ਫਾਈਨਲ ਕਰਨ ਦੀ ਮਿਤੀ 30-12-2021 ਨਿਸ਼ਚਤ ਕੀਤੀਗਈ ਸੀ ਪ੍ਰੰਤੂ ਜਿਲਾ ਦਫਤਰਾਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਟ੍ਰਾਂਸਪੋਰਟੇਸ਼ਨ ਦੇ ਸਾਰੇ ਕਲਸਟਜ਼ ਦੇ ਟੈਂਡਰ ਫਾਈਨਲ ਨਹੀਂ ਹੋ ਸਕੇ, ਇਸ ਲਈ ਜਿਹੜੇ ਟ੍ਰਾਸਪੋਰਟ ਕਲਸਟਰਾਂ ਵਿੱਚ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ ਜਾਂ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ ਜਾਂ ਸਮੂਹ ਟੈਂਡਰ ਰੱਦ ਹੋਏ ਹਨ, ਉਥੇ ਮੁੜ ਤੋਂ ਟੈਂਡਰ ਕਾਲ ਕੀਤੇ ਜਾਣੇ ਹਨ, ਉਨ੍ਹਾਂ ਲਈ ਸਮਾਂ ਸਾਰਣੀ ਹੇਠ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ:

ੳ. ਰਹਿੰਦੇ ਟਰਾਂਸਪੋਟੇਸ਼ਨ ਟੈਂਡਰਜ਼ ਸਬੰਧੀ :

ਲੜੀ ਨੰ:	ਵਿਸ਼ੇਸ਼ ਜਾਣਕਾਰੀ	ਵੇਰਵੇ
1	ਟੈਂਡਰ ਦਸਤਾਵੇਜ਼ਾਂ ਦੀ ਡਾਊਨਲੋਡਿੰਗ ਅਤੇ ਤਕਨੀਕੀ ਬੋਲੀ (ਭਾਗ -1) ਅਤੇ ਵਿੱਤੀ ਬੋਲੀ (ਭਾਗ 2) ਨੂੰ ਪੇਸ਼ ਕਰਨ ਦੀ ਮਿਤੀ ਅਤੇ ਸਮਾਂ	03.01.2022 (ਦੁਪਹਿਰ 12:00 ਵਜੇ) ਤੋਂ 06.01.2022 (ਦੁਪਿਹਰ 12:00 ਵਜੇ) ਤੱਕ
2	ਤਕਨੀਕੀ ਬੋਲੀ (ਭਾਗ-1) ਨੂੰ ਖੋਲ੍ਹਣ ਦੀ ਮਿਤੀ, ਸਮਾਂ ਅਤੇ ਜਗ੍ਹਾ	06.01.2022(1:00 ਵਜੇ ਬਾਅਦ ਦੁਪਹਿਰ) (ਸਬੰਧਤ ਜ਼ਿਲ੍ਹਾ ਕੰਟਰੋਲਰ ਖੁਰਾਕ ਤੇ ਸਿਵਲ ਸਪਲਾਈਜ਼ ਦੁਆਰਾ ਅਧਿਸੂਚਿਤ ਜਗ੍ਹਾਂ ਤੇ)
3	ਵਿੱਤੀ ਬੋਲੀ (ਭਾਗ 2) ਨੂੰ ਖੋਲ੍ਹਣ ਦੀ ਮਿਤੀ, ਸਮਾਂ ਅਤੇ ਜਗ੍ਹਾਂ	07.01.2022(ਸ਼ਾਮ 04:00 ਵਜੇ)ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ ਖੁਰਾਕ ਤੇ ਸਿਵਲ ਸਪਲਾਈਜ਼ ਦੁਆਰਾ ਤਕਨੀਕੀ ਤੌਰ ਤੇ ਯੋਗ ਬੋਲੀਕਾਰਾਂ ਨੂੰ ਅਧਿਸੂਚਿਤ ਕੀਤਾ ਜਾਵੇਗਾ।

ਪੰਨਾ ਪਰਤੋ -------

5. ਉਪਰੋਕਤ ਸਾਰਨੀ ਅਨੁਸਾਰ ਜਿੰਨ੍ਹਾਂ ਕਲਸਟਰਜ਼ ਦੇ ਮੁੜ ਤੋਂ ਟੈਂਡਰਜ਼ ਕਾੱਲ ਕੀਤੇ ਜਾਣੇ ਹਨ, ਉਨ੍ਹਾਂ ਕਲਸਟਰਜ਼ ਲਈ ਟੈਂਡਰ ਫਾਈਨਲ ਹੋਣ ਦੀ ਮਿਤੀ ਤੱਕ, ਸਾਲ 2020-21 ਦੇ ਠੇਕੇਦਾਰਾਂ ਪਾਸੋਂ ਪ੍ਰਵਾਨਿਤ ਰੇਟਾਂ ਤੇ ਹੀ ਕੰਮ ਕਰਵਾਇਆ ਜਾਵੇ।

6. ਇਸ ਤੋਂ ਇਲਾਵਾ ਸਮੂਹ ਜਿਲਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਕਲਸਟਰਜ਼ ਵਿਖੇ ਢੋਆ-ਢੁਆਈ ਦੇ ਟੈਂਡਰਜ਼ ਮੁਕੰਮਲ ਹੋ ਗਏ ਹਨ, ਉਨ੍ਹਾਂ ਕਲਸਟਰਜ਼ ਵਿਖੇ ਪਾਲਿਸੀ ਹਦਾਇਤਾਂ ਅਨੁਸਾਰ ਸਾਰੀ ਕਾਰਵਾਈ ਮੁਕੰਮਲ ਕਰਦੇ ਹੋਏ ਮਿਤੀ 01-01-2022 ਤੋਂ ਨਵੇਂ ਠੇਕੇਦਾਰਾਂ ਤੋਂ ਕੰਮ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਕੰਟਰੋਲਰ ਖੁਰਾਕ ਲੇਖਾ।

ਕਾਪੀ:-

1. ਪੀ.ਐੱਸ./ ਖੁਰਾਕ ਤੇ ਸਪਲਾਈਜ਼ ਮੰਤਰੀ, ਪੰਜਾਬ, ਚੰਡੀਗੜ੍ਹ।
2. ਪੀ.ਏ./ ਸਕੱਤਰ, ਖੁਰਾਕ ਤੇ ਸਪਲਾਈਜ਼ ਪੰਜਾਬ, ਚੰਡੀਗੜ੍ਹ।
3. ਪੀ.ਏ./ ਡਾਇਰੈਕਟਰ, ਖੁਰਾਕ ਤੇ ਸਪਲਾਈਜ਼ਪੰਜਾਬ, ਚੰਡੀਗੜ੍ਹ।